# ਬੀਰ ਕਾਵਿ ਵਸਤੂਨਿਸ਼ਠ ਪ੍ਰਸ਼ਨ

ਪ੍ਰਸ਼ਨ – ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੀ ਵਾਰ ਲਿਖੀ ?

ਉੱਤਰ – ਚੰਡੀ ਦੀ ਵਾਰ ।

ਪ੍ਰਸ਼ਨ – ਚੰਡੀ ਦੀ ਵਾਰ ਵਿਚ ਕਿਨ੍ਹਾਂ ਦੋ ਧਿਰਾਂ ਦੀ ਲੜਾਈ ਦਾ ਵਰਣਨ ਹੈ ?

ਉੱਤਰ – ਦੁਰਗਾ ਦੇਵੀ ਅਤੇ ਰਾਕਸ਼ਾਂ ਦਾ ।

ਪ੍ਰਸ਼ਨ – ਚੰਡੀ ਦੀ ਵਾਰ ਵਿਚ ਕੁੱਲ ਕਿੰਨੇ ਗੁਰੂਆਂ ਦਾ ਜ਼ਿਕਰ ਹੋਇਆ ਹੈ ?

ਉੱਤਰ – ਨੋ ।

ਪ੍ਰਸ਼ਨ – ਚੰਡੀ ਦੀ ਵਾਰ ਦੀ ਮੁੱਖ ਨਾਇਕਾ ਕੌਣ ਹੈ ?

ਉੱਤਰ – ਦੁਰਗਾ ਦੇਵੀ ।

ਪ੍ਰਸ਼ਨ – ਚੰਡੀ ਦੀ ਵਾਰ ਵਿਚ ਬਦੀ ਦਾ ਪ੍ਰਤੀਕ ਕਿਸਨੂੰ ਦਿਖਾਇਆ ਗਿਆ ?

ਉੱਤਰ – ਰਾਕਸ਼ਾਂ ਨੂੰ ।

ਪ੍ਰਸ਼ਨ – ਦੇਵਤਿਆਂ ਦਾ ਰਾਜਾ ਕੌਣ ਸੀ ?

ਉੱਤਰ – ਇੰਦਰ ।

ਪ੍ਰਸ਼ਨ – ਗੁਰੂ ਗੋਬਿੰਦ ਸਿੰਘ ਜੀ ਨੇ ਇਹ ਰਚਨਾ ਕਿਸ ਕਾਵਿ ਰੂਪ ਵਿਚ ਲਿਖੀ ?

ਉੱਤਰ – ਵਾਰ ਕਾਵਿ-ਰੂਪ ਵਿਚ ।

ਪ੍ਰਸ਼ਨ – ਰਾਕਸ਼ਾਂ ਹੱਥੋਂ ਹਾਰਿਆ ਇੰਦਰ ਦੇਵਤਾ ਕਿਸਦੀ ਸ਼ਰਨ ਵਿਚ ਪੁੱਜਾ ?

ਉੱਤਰ – ਦੁਰਗਾ ਦੇਵੀ ਦੀ ।

ਪ੍ਰਸ਼ਨ – ਦੁਰਗਾ ਦੇਵੀ ਕਿਸ ਉੱਤੇ ਸਵਾਰ ਸੀ ?

ਉੱਤਰ – ਸ਼ੇਰ ਉੱਤੇ ।

ਪ੍ਰਸ਼ਨ – ਵਾਰ ਨਾਦਰ ਸ਼ਾਹ ਦਾ ਕਰਤਾ ਕੌਣ ਹੈ ?

ਉੱਤਰ – ਨਜਾਬਤ ।

ਪ੍ਰਸ਼ਨ – ਨਜਾਬਤ ਦੀ ਵਾਰ ਵਿਚ ਕਰਨਾਲ ਦੀ ਲੜਾਈ ਸਮੇਂ ਕਿਹੜੇ ਪਸ਼ੂ ਜੰਗ ਦੇ ਮੈਦਾਨ ਵਿਚ ਉਤਾਰੇ ਜਾਂਦੇ ਹਨ ?

ਉੱਤਰ – ਘੋੜੇ, ਊਠ ਤੇ ਹਾਥੀ ।

ਪ੍ਰਸ਼ਨ – ਨਜਾਬਤ ਦੀ ਵਾਰ ਵਿਚ ਕਿਸ ਬਾਦਸ਼ਾਹ ਦੇ ਭਾਰਤ ਉੱਤੇ ਹਮਲੇ ਦਾ ਵਰਨਣ ਹੈ ?

ਉੱਤਰ – ਨਾਦਰਸ਼ਾਹ ਈਰਾਨੀ ਦੇ ।

ਪ੍ਰਸ਼ਨ – ਕਰਨਾਲ ਦੀ ਲੜਾਈ ਵਿਚ ਮੁਗ਼ਲ ਫੌਜਾਂ ਕਿਸ ਦੇ ਨਾਲ ਲੜੀਆਂ ?

ਉੱਤਰ – ਨਾਦਰਸ਼ਾਹ ਦੀ ਫੌਜ ਨਾਲ ।

ਪ੍ਰਸ਼ਨ – ਸ਼ਾਹ ਮੁਹੰਮਦ ਦੀ ਪ੍ਰਸਿੱਧ ਰਚਨਾ ਕਿਹੜੀ ਹੈ ?

ਉੱਤਰ – ਜੰਗਨਾਮਾ ਸਿੰਘਾਂ ਤੇ ਫਰੰਗੀਆਂ ।

ਪ੍ਰਸ਼ਨ – ਜੰਗਨਾਮਾ ਸ਼ਾਹ ਮੁਹੰਮਦ ਕਿਸ ਛੰਦ ਵਿਚ ਲਿਖਿਆ ਹੈ ?

ਉੱਤਰ – ਚਾਰ-ਤੁਕੇ ਬੈਂਤ ਛੰਦ ਵਿਚ ।

ਪ੍ਰਸ਼ਨ – ਅੰਗਰੇਜਾਂ ਤੇ ਸਿੰਘਾਂ ਦੀ ਲੜਾਈ ਦਾ ਵਰਣਨ ਕਿਸ ਕਵੀ ਨੇ ਕੀਤਾ ?

ਉੱਤਰ – ਸ਼ਾਹ ਮੁਹੰਮਦ ਨੇ ।

ਪ੍ਰਸ਼ਨ – ਸ਼ਾਹ ਮੁਹੰਮਦ ਤੀਸਰੀ ਜਾਤ ਕਿਸ ਨੂੰ ਕਹਿੰਦਾ ਹੈ ?

ਉੱਤਰ – ਅੰਗਰੇਜਾਂ ਨੂੰ ।

ਪ੍ਰਸ਼ਨ – ਕਿਹੜੇ ਕਵੀ ਨੂੰ ਪੰਜਾਬ ਦਾ ਕੌਮੀ ਕਵੀ ਕਿਹਾ ਜਾਂਦਾ ਹੈ ?

ਉੱਤਰ – ਸ਼ਾਹ ਮੁਹੰਮਦ ਨੂੰ ।

ਪ੍ਰਸ਼ਨ – ਜੰਗਨਾਮੇ ਵਿਚ ਸਰਕਾਰ ਸ਼ਬਦ ਕਿਸ ਲਈ ਵਰਤਿਆ ਗਿਆ ਹੈ ?

ਉੱਤਰ – ਮਹਾਰਾਜਾ ਰਣਜੀਤ ਸਿੰਘ ਲਈ ।

ਪ੍ਰਸ਼ਨ – ਸ਼ਾਹ ਮੁਹੰਮਦ ਕਿਸ ਰਾਜੇ ਦੇ ਰਾਜ ਦੀ ਪ੍ਰਸੰਸਾ ਕਰਦਾ ਹੈ ?

ਉੱਤਰ – ਮਹਾਰਾਜਾ ਰਣਜੀਤ ਸਿੰਘ ਦੇ ।

ਪ੍ਰਸ਼ਨ – ਜੰਗਨਾਮਾ ਸ਼ਾਹ ਮੁਹੰਮਦ ਵਿਚ ਕੌਣ ਸਾਹਿਬ ਕੌਣ ਹੈ ?

ਉੱਤਰ – ਕੰਵਰ ਨੌਨਿਹਾਲ ਸਿੰਘ ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529

★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ ★